# Zoom ’ਤੇ ਤੁਹਾਡੇ ਰਿਮੋਰਟ ਕੋਰਟ ਦੀ ਕਾਰਵਾਈ ਦੀ ਤਿਆਰੀ – *ਤੇਜ ਸ਼ੁਰੂਆਤ ਗਾਈਡ*

**ਵੀਡੀਓਜ਼ ਦੇਖੋ!**

ਆਪਣੇ ਦੂਰ-ਦੁਰਾਡੇ ਦੇ ਕੋਰਟ ਦੀ ਕਾਰਵਾਈ ਲਈ Zoom ਦਾ ਉਪਯੋਗ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਇਸ 'ਤੇ ਜਾਓ https://www.courts.ca.gov/VRI.htm। ਜਾਂ ਫਿਰ, QR ਕੋਡ ਨੂੰ ਸਕੈਨ ਕਰੋ।

## 1 ਆਪਣੀ ਡਿਵਾਈਸ ਦੀ ਚੋਣ ਕਰੋ

Zoom ਨਾਲ ਕੁਨੈਕਟ ਹੋਣ ਲਈ ਤੁਸੀਂ ਇੱਕ ਕੰਪਿਊਟਰ (ਡੈਸਕਟਾਪ ਜਾਂ ਲੈਪਟਾਪ), ਟੈਬਲੈਟ ਜਾਂ ਸਮਾਰਟਫੋਨ ਦਾ ਉਪਯੋਗ ਕਰ ਸਕਦੇ ਹੋ। ਤੁਹਾਡੀ ਡਿਵਾਈਸ ਵਿੱਚ ਇੱਕ ਵੀਡੀਓ ਕੈਮਰਾ ਅਤੇ ਇੱਕ ਮਾਈਕ੍ਰੋਫੋਨ ਹੋਣੇ ਚਾਹੀਦੇ ਹਨ।

*ਜੇਕਰ ਤੁਹਾਡੇ ਕੋਲ ਇਹਨਾਂ ਡਿਵਾਈਸਾਂ ਵਿੱਚੋਂ ਕੁਝ ਨਹੀਂ ਹੈ, ਤਾਂ ਕੋਰਟ ਤੋਂ ਪਤਾ ਲਗਾਓ। ਤੁਹਾਡੇ ਕੋਲ ਹੋਰ ਵਿਕਲਪ ਹੋ ਸਕਦੇ ਹਨ, ਜਿਵੇਂਕਿ ਲੈਂਡਲਾਈਨ ਜਾਂ ਮੋਬਾਈਲ ਫੋਨ ਦਾ ਉਪਯੋਗ ਕਰ ਕੇ Zoom ਵਿੱਚ ਡਾਇਲ ਕਰਨਾ।*

## 2 *ਸਿਫਾਰਸ਼* – ZOOM ਐਪਲੀਕੇਸ਼ਨ ਨੂੰ ਡਾਊਨਲੋਡ ਕਰੋ

- ਕੰਪਿਊਟਰ: https://zoom.us/download ਤੇ ਜਾਓ ਅਤੇ Zoom Client for Meetings ਡਾਊਨਲੋਡ ਕਰੋ।
- ਟੈਬਲੈਟ ਜਾਂ ਸਮਾਰਟਫੋਨ: App Store ਜਾਂ Google Play 'ਤੇ ਜਾਓ ਅਤੇ Zoom Cloud Meetings ਐਪ ਡਾਊਨਲੋਡ ਕਰੋ।

*Zoom ਨੂੰ ਡਾਊਨਲੋਡ ਕਰਨ ਨਾਲ ਤੁਹਾਨੂੰ ਇਸ ਦੀਆਂ ਸਾਰੀਆਂ ਸਹੂਲਤਾਂ ਤੱਕ ਵਧੇਰੇ ਪਹੁੰਚ ਮਿਲਦੀ ਹੈ, ਅਤੇ ਇਹ ਮੁਫਤ ਹੈ।*

## 3 ਆਪਣੇ ਕੈਮਰਾ ਅਤੇ ਮਾਈਕ੍ਰੋਫੋਨ ਨੂੰ ਟੈਸਟ ਕਰੋ

ਇੱਕ ਟੈਸਟ ਮੀਟਿੰਗ ਵਿੱਚ ਸ਼ਾਮਲ ਹੋਣ ਲਈ https://zoom.us/test 'ਤੇ ਜਾਓ। (ਇਹ ਸਿਰਫ ਇੱਕ ਟੈਸਟ ਹੈ ਅਤੇ ਮੀਟਿੰਗ ਵਿੱਚ ਕੋਈ ਵੀ ਨਹੀਂ ਹੋਵੇਗਾ)

- ਇਹ ਜਾਂਚ ਕਰੋ ਕਿ ਤੁਸੀਂ ਖੁਦ ਨੂੰ ਦੇਖ ਸਕਦੇ ਹੋ ਅਤੇ ਰੌਸ਼ਨੀ ਉਚਿਤ ਹੈ।
- ਇਹ ਜਾਂਚ ਕਰੋ ਕਿ ਤੁਹਾਡਾ ਮਾਈਕ੍ਰੋਫੋਨ ਕੰਮ ਕਰ ਰਿਹਾ ਹੈ।
- ਆਈਕਨਾਂ ਨੂੰ ਚੁਣ ਕੇ ਆਪਣੇ ਮਾਈਕ੍ਰੋਫੋਨ ਅਤੇ ਕੈਮਰੇ ਨੂੰ ਬੰਦ ਕਰਨ ਅਤੇ ਚਾਲੂ ਕਰਨ ਦਾ ਅਭਿਆਸ ਕਰੋ।

*ਮਾਈਕ੍ਰੋਫੋਨ ਜਾਂ ਕੈਮਰਾ ਆਈਕਨ ਦੇ ਮਾਧਿਅਮ ਨਾਲ ਇੱਕ ਲਾਲ ਸਲੈਸ਼ ਦਾ ਅਰਥ ਹੈ ਕਿ ਇਹ ਬੰਦ ਹੈ। ਕੋਈ ਲਾਲ ਸਲੈਸ਼ ਨਾ ਹੋਣ ਦਾ ਮਤਲਬ ਹੈ ਕਿ ਇਹ ਚਾਲੂ ਹੈ। ਜਦੋਂ ਤੁਸੀਂ ਬੋਲ ਨਹੀਂ ਰਹੇ ਹੋ, ਤਾਂ ਤੁਹਾਡਾ ਮਾਈਕ੍ਰੋਫੋਨ ਬੰਦ (ਮਿਊਟਡ) ਹੋਣਾ ਚਾਹੀਦਾ ਹੈ।*




## 4 ਇੱਕ ਸ਼ਾਂਤ ਸਥਾਨ ਦੀ ਚੋਣ ਕਰੋ

ਇੱਕ ਸ਼ਾਂਤ ਜਗਾ ਦੀ ਚੋਣ ਕਰੋ, ਜਿੱਥੇ ਕਿ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ ਅਤੇ ਕੰਮ ਜਾਂ ਡ੍ਰਾਈਵ ਵਰਗੇ ਹੋਰ ਕੰਮ ਕੀਤੇ ਬਗੈਰ ਕੁਝ ਘੰਟਿਆਂ ਤੱਕ ਰਹਿ ਸਕੋ। ਇਸ ਦੀ ਬਹੁਤ ਜ਼ਿਆਦਾ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਘਰ ਦਾ ਇੱਕ ਸ਼ਾਂਤ ਖੇਤਰ ਜਾਂ ਇੱਕ ਨਿੱਜੀ ਸਥਾਨ ਚੁਣੋ। ਕੋਰਟ ਦੇ ਕੈਲੰਡਰ ਦੇ ਆਧਾਰ ’ਤੇ, ਤੁਹਾਨੂੰ ਆਪਣੇ ਮਾਮਲੇ ਨੂੰ ਬੁਲਾਏ ਜਾਣ ਲਈ ਕੁਝ ਸਮੇਂ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ।

*ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਦੁਆਰਾ ਚੁਣੇ ਗਏ ਸਥਾਨ ਦੀ ਬੈਕਗਰਾਊਂਡ ਕੋਰਟ ਲਈ ਢੁੱਕਵੀਂ ਹੈ।*

5

### ਆਪਣੇ ਇੰਟਰਨੈਟ ਕੁਨੈਕਸ਼ਨ ਜਾਂ ਫੋਨ ਸਿਗਨਲ ਦੀ ਜਾਂਚ ਕਰੋ

- ਕੰਪਿਊਟਰ ਜਾਂ ਟੈਬਲੈਟ: https://www.speedtest.net/ 'ਤੇ ਜਾਓ। Zoom ਨੂੰ ਗਰੁੱਪ ਵੀਡੀਓ ਕਾਲਿੰਗ ਲਈ ਨਿਊਨਤਮ 1 Mbps (ਅੱਪਲੋਡ ਅਤੇ ਡਾਊਨਲੋਡ) ਦੀ ਗਤੀ ਦੀ ਲੋੜ ਹੁੰਦੀ ਹੈ।
- ਸਮਾਰਟ ਫੋਨ: ਜੇਕਰ ਸੈਲੂਲਰ ਡੈਟਾ ਦਾ ਉਪਯੋਗ ਕਰ ਰਹੇ ਹੋ, ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਕਿਸੇ ਅਜਿਹੇ ਖੇਤਰ ਵਿੱਚ ਹੋ ਜਿੱਥੇ ਕਿ ਤੁਹਾਡੇ ਕੋਲ ਆਪਣੇ ਆਡੀਓ ਜਾਂ ਵੀਡੀਓ ਨਾਲ ਸਮੱਸਿਆਵਾਂ ਦੇ ਬਗੈਰ ਕੁਨੈਕਟ ਕਰਨ ਲਈ ਉੱਚਿਤ ਸਿਗਨਲ ਹੋਵਾਗਾ।

*ਹੋਰਨਾਂ ਅਜਿਹੀਆਂ ਡਿਵਾਈਸਾਂ ਅਤੇ ਐਪਲੀਕੇਸ਼ਨਾਂ ਨੂੰ ਬੰਦ ਕਰ ਦਿਓ, ਜੋ ਕਿ ਇੰਟਰਨੈਟ ਦੀ ਚੋਣ ਕਰ ਰਹੀਆਂ ਹੋਣ।*

6

### ਉਚਿਤ ਰੂਪ ਵਿਚ ਤਿਆਰ ਹੋਣ ਦੀ ਯੋਜਨਾ ਬਣਾਓ

ਹਾਲਾਂਕਿ, ਤੁਸੀਂ ਨਿੱਜੀ ਰੂਪ ਵਿੱਚ ਕੋਰਟ ਵਿੱਚ ਨਹੀਂ ਜਾ ਰਹੇ ਹੋ, ਫਿਰ ਵੀ ਤੁਹਾਨੂੰ ਉਚਿਤ ਤਰੀਕੇ ਨਾਲ ਤਿਆਰ ਹੋਣਾ ਚਾਹੀਦਾ ਹੈ। ਤੁਹਾਨੂੰ ਇੱਕ ਸੂਟ ਪਾਉਣ ਦੀ ਲੋੜ ਨਹੀਂ ਹੈ, ਪਰ ਤੁਸੀਂ ਜਿਹੜੇ ਵੀ ਕੱਪੜਿਆਂ ਦੀ ਚੋਣ ਕਰਦੇ ਹੋ, ਉਸ ਵਿੱਚ ਕੋਰਟ ਲਈ ਸਨਮਾਨ ਦਿਖਣਾ ਚਾਹੀਦਾ ਹੈ।

*ਕਿਸੇ ਅਜਿਹੇ ਪਹਿਰਾਵੇ ਦੀ ਚੋਣ ਕਰੋ ਜੋ ਕਿ ਤੁਸੀਂ ਇੱਕ ਪੇਸ਼ੇਵਰ ਦਫਤਰ ਜਾਂ ਬਿਜਨੈੱਸ ਸੈਟਿੰਗ ਵਿੱਚ ਪਹਿਨ ਸਕਦੇ ਹੋਵੋ।*

7

### ਆਪਣੀਆਂ ਸਮੱਗਰੀਆਂ ਤਿਆਰ ਰੱਖੋ

- ਉਹ ਸਾਰੇ ਦਸਤਾਵੇਜ਼ ਤਿਆਰ ਰੱਖੋ, ਜਿਨ੍ਹਾਂ ਦੀ ਤੁਹਾਨੂੰ ਸੁਣਵਾਈ ਦੌਰਾਨ ਲੋੜ ਪੈ ਸਕਦੀ ਹੈ।
- ਆਪਣਾ Zoom ਮੀਟਿੰਗ ਲਿੰਕ ਜਾਂ ਮੀਟਿੰਗ ਆਈਡੀ ਅਤੇ ਪਾਸਕੋਰਡ ਤਿਆਰ ਰੱਖੋ।
- ਨੋਟਸ ਲੈਣ ਲਈ ਇੱਕ ਕਾਗਜ਼ ਅਤੇ ਪੈਨ ਜਾਂ ਪੈਨਸਿਲ ਤਿਆਰ ਰੱਖੋ।
- ਆਪਣੀ ਡਿਵਾਈਸ ਨੂੰ ਚਾਰਜ ਕਰੋ ਅਤੇ ਆਪਣੇ ਨੇੜੇ ਇੱਕ ਪਾਵਰ ਕੇਬਲ ਰੱਖੋ।

*ਜੇਕਰ ਤੁਹਾਨੂੰ ਆਪਣੀ ਕੋਰਟ ਦੀ ਕਾਰਵਾਈ ਦੇ ਹਿੱਸੇ ਦੇ ਰੂਪ ਵਿੱਚ ਕੋਈ ਦਸਤਾਵੇਜ਼ ਦਿਖਾਉਣ ਦੀ ਲੋੜ ਹੈ, ਤਾਂ ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਜਾਣਨ ਲਈ ਕੋਰਟ ਨਾਲ ਸੰਪਰਕ ਕਰੋ। ਹੋ ਸਕਦਾ ਹੈ ਕਿ ਕੋਰਟ ਤੁਹਾਨੂੰ ਇਸ ਨੂੰ ਪਹਿਲਾਂ ਹੀ ਈ-ਮੇਲ ਰਾਹੀਂ ਭੇਜਣਾ ਚਾਹ ਸਕਦੀ ਹੋਵੇ।*

8

### ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕੋਰਟ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਕਿਸੇ ਵੀ ਤਕਨੀਕੀ ਸਮੱਸਿਆ ਦਾ ਅਨੁਭਵ ਕਰਦੇ ਹੋ, ਤਾਂ ਛੇਤੀ ਤੋਂ ਛੇਤੀ ਕੋਰਟ ਨਾਲ ਸੰਪਰਕ ਕਰੋ। ਜੇਕਰ ਤੁਹਾਨੂੰ ਆਪਣੀ ਕੋਰਟ ਦੀ ਕਾਰਵਾਈ ਲਈ ਦੁਭਾਸ਼ੀਏ ਦੀ ਲੋੜ ਹੋਵੇਗੀ, ਤਾਂ ਸਮੇਂ ਤੋਂ ਪਹਿਲਾਂ ਕੋਰਟ ਜਾਂ ਆਪਣੇ ਵਕੀਲ ਨਾਲ ਵੀ ਸੰਪਰਕ ਕਰੋ।

*ਸੰਪਰਕ ਜਾਣਕਾਰੀ ਲਈ, ਆਪਣੀ ਸਥਾਨਕ ਕੋਰਟ ਦੀ ਵੈੱਬਸਾਈਟ ਤੋਂ ਜਾਂਚ ਕਰੋ। ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।*